# BCM SCHOOL, BASANT AVENUE, DUGRI
## CLASS- V SESSION 2025-26
## (Punjabi) (ASSIGNMENT)

**1)ਅਣਡਿੱਠਾ ਪੈਰਾ**

ਸਵੇਰ ਦਾ ਸਮਾਂ ਸਾਰੇ ਦਿਨ ਦਾ ਸਭ ਤੋਂ ਸੋਹਣਾ ਸਮਾਂ ਹੁੰਦਾ ਹੈ। ਠੰਡੀ ਹਵਾ ਚੱਲਦੀ ਹੈ, ਪੰਛੀਆਂ ਦੀਆਂ ਚਹਚਹਾਹਟ ਸੁਣਨ ਨੂੰ ਮਿਲਦੀ ਹੈ। ਸਵੇਰ ਜ਼ਲਦੀ ਉੱਠਣ ਨਾਲ ਸਰੀਰ ਤੰਦਰੁਸਤ ਰਹਿੰਦਾ ਹੈ। ਜੋ ਵਿਦਿਆਰਥੀ ਸਵੇਰੇ ਉੱਠ ਕੇ ਪੜ੍ਹਾਈ ਕਰਦੇ ਹਨ, ਉਹਨਾਂ ਨੂੰ ਪਾਠ ਚੰਗੀ ਤਰ੍ਹਾਂ ਯਾਦ ਰਹਿੰਦੇ ਹਨ। ਸਵੇਰ ਦਾ ਸਮਾਂ ਪੜ੍ਹਾਈ ਲਈ ਸਭ ਤੋਂ ਉੱਤਮ ਮੰਨਿਆ ਜਾਂਦਾ ਹੈ।

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:-**

(ੳ) ਕਿਹੜਾ ਵੇਲਾ ਪੜ੍ਹਨ ਲਈ ਚੰਗਾ ਮੰਨਿਆ ਗਿਆ ਹੈ?

(ੳ) ਸ਼ਾਮ ਦਾ (ਅ) ਸਵੇਰ ਦਾ (ੲ) ਦੁਪਹਿਰ ਦਾ

(ਅ) "ਵਿਦਿਆਰਥੀ" ਸ਼ਬਦ ਦਾ ਲਿੰਗ ਬਦਲੋ।

(ੳ) ਵਿਦਿਆਰਥਨ (ਅ) ਵਿਦਿਆਰਥਣ (ੲ) ਵਿਦਿਆਰਿਥਨ

**2. ਕਥਨ/ਕਾਰਨ**

ਕਥਨ – ਕੌਣ , ਕੀ, ਕਿਸ ਨੂੰ ,ਕਿੱਥੇ ਆਦਿ ਸ਼ਬਦ ਸਵਾਲ ਕਰ ਰਹੇ ਹਨ।

ਕਾਰਨ – ਇਸ ਲਈ ਇਹ ਅਨਿਸਚੇਵਾਚਕ ਪੜਨਾਵ ਹਨ।

(ੳ) ਕਥਨ ਅਤੇ ਕਾਰਨ ਦੋਵੇਂ ਸਹੀ ਹਨ।

(ਅ) ਕਥਨ ਗਲਤ ਹੈ ਅਤੇ ਕਾਰਨ ਸਹੀ ਹੈ।

(ੲ) ਕਥਨ ਸਹੀ ਹੈ ਅਤੇ ਕਾਰਨ ਗਲਤ ਹੈ।

3. ਉਹ ਮੇਰੀ ਕੁੜਮਣੀ ਹੈ ।- ਰੇਖਾਕਿਤ ਸ਼ਬਦ ਦਾ ਪੁਲਿੰਗ ਸ਼ਬਦ ਕਿਹੜਾ ਹੈ?

(ੳ) ਕੁੜਮ (ਅ) ਕੁਰਮ

4. 37 ਤੋਂ ਅਗਲਾ ਸ਼ਬਦ ਕਿਹੜਾ ਹੋਵੇਗਾ?

(ੳ) ਅਠਤਾਲੀ (ਅ) ਅੱਠਤੀ

5. " ਗੇਂਦ" ਸ਼ਬਦ ਦਾ ਬਹੁਵਚਨ ਰੂਪ ਚੁਣੋ।

(ੳ) ਗੇਦਾ (ਅ) ਗੇਂਦਾਂ

## ਸਾਹਿਤ

**ਸ਼ਬਦ ਅਰਥ-** 1. ਬਰਬਾਦ:- ਨਸ਼ਟ 2. ਬੂੰਦਾਂ :- ਤੁਪਕੇ

**ਸਮਾਨਅਰਥਕ ਸ਼ਬਦ** –1. ਭਾਲ – ਤਲਾਸ਼

**ਛੋਟੇ ਪ੍ਰਸ਼ਨ-ਉੱਤਰ**

1. ਵਿਗਿਆਨ ਦੀਆਂ ਦਿੱਤੀਆਂ ਕੋਈ ਦੋ ਚੀਜ਼ਾਂ ਦੇ ਨਾਮ ਲਿਖੋ।

   ਉੱਤਰ – ਟੈਲੀਫੋਨ, ਬਿਜਲੀ।

2. ਗਧਾ ਕਿਹੜੇ ਰਾਗ ਵਿੱਚ ਗਾਉਣ ਲੱਗਿਆ?

   ਉੱਤਰ – ਗਧਰਵ ਰਾਗ।

**ਵੱਡੇ ਪ੍ਰਸ਼ਨ - ਉੱਤਰ**

1. ਗਧਾ ਆਪਣੇ ਮਾਲਕ ਤੋਂ ਖੁਸ਼ ਕਿਉਂ ਨਹੀਂ ਸੀ?

   ਉੱਤਰ - ਗਧੇ ਨੂੰ ਇਹ ਸ਼ਿਕਾਇਤ ਰਹਿੰਦੀ ਸੀ ਕਿ ਉਸਦਾ ਮਾਲਕ ਉਸ ਤੋਂ ਇੰਨੀ ਮਿਹਨਤ ਕਰਾਉਣ ਦੇ ਬਾਅਦ ਵੀ ਉਸਨੂੰ ਪੂਰਾ ਭੋਜਨ ਖਾਣ ਨੂੰ ਨਹੀਂ ਦਿੰਦਾ ਸੀ ।

**ਮੁੱਲ ਪਰਖ ਪ੍ਰਸ਼ਨ-**

**1.** ਸਭ ਨੂੰ ਮਿੱਠਾ ਬੋਲਣਾ ਕਿਉਂ ਜਰੂਰੀ ਹੈ? ਕੋਈ ਦੋ ਕਾਰਨ ਦੱਸੋ।

   ਉੱਤਰ:- 1. ਮਿੱਠਾ ਬੋਲਣ ਨਾਲ ਦੂਜਾ ਵਿਅਕਤੀ ਸਾਡੇ ਨਾਲ ਵੀ ਮਿੱਠਾ ਬੋਲੇਗਾ।

   2.ਮਿੱਠਾ ਬੋਲ ਕੇ ਅਸੀਂ ਦੂਜੇ ਦੇ ਦਿਲ ਵਿੱਚ ਵੱਸ ਜਾਂਦੇ ਹਾਂ।